ਤਥਸ਼ੀਟ

# ਹਿਊਮਨ ਪਪੀਲਮਾਵਾਇਰਸ (HPV) ਵਕਸੀਨ

## 2023 ਵਿਚ ਰਾਸ਼ਟਰੀ ਟੀਕਾਕਰਨ (ਨਸ਼ਨਲ ਇਮਨਾਈਜਸ਼ਨ) ਪਗਰਾਮ ਦ ਅਧੀਨ ਤਬਦੀਲੀਆ

HPV Vaccine

**6 ਫਰਵਰੀ 2023 ਤੋਂ, ਹਿਊਮਨ ਪੈਪੀਲੋਮਾਵਾਇਰਸ (HPV) ਵੈਕਸੀਨ ਵਾਸਤੇ ਖੁਰਾਕ ਦੀ ਸਮਾਂ-ਸਾਰਣੀ ਬਦਲ ਕੇ ਇਕੱਲੀ ਖੁਰਾਕ ਵਿੱਚ ਬਦਲ ਜਾਵੇਗੀ, ਅਤੇ ਟੀਕਾਕਰਨ ਨੂੰ ਬਾਅਦ ਵਿੱਚ ਪੂਰਾ ਕਰਨ ਦੇ (ਕੈਚ-ਅੱਪ) ਪ੍ਰੋਗਰਾਮ ਵਾਸਤੇ ਯੋਗਤਾ ਨੂੰ ਰਾਸ਼ਟਰੀ ਟੀਕਾਕਰਨ (ਨੈਸ਼ਨਲ ਇਮੂਨਾਈਜੇਸ਼ਨ) ਪ੍ਰੋਗਰਾਮ (NIP) ਦੇ ਅਧੀਨ 25 ਸਾਲਾਂ ਦੀ ਉਮਰ ਅਤੇ ਇਸ ਦੇ ਸਮੇਤ ਤੱਕ ਵਧਾ ਦਿੱਤਾ ਜਾਵੇਗਾ।**

### ਪ੍ਰੋਗਰਾਮ ਵਿੱਚ ਤਬਦੀਲੀ ਬਾਰੇ ਮੁੱਖ ਨੁਕਤੇ

- HPV ਵੈਕਸੀਨ (Gardasil®9) ਨੂੰ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ ਅਤੇ ਮੁੱਖ ਤੌਰ 'ਤੇ ਲੱਗਭਗ 12 ਤੋਂ 13 ਸਾਲ ਦੀ ਉਮਰ ਦੇ ਨੌਜਵਾਨ ਲੋਕਾਂ ਨੂੰ ਸਕੂਲ ਟੀਕਾਕਰਨ ਪ੍ਰੋਗਰਾਮਾਂ ਰਾਹੀਂ ਲਗਾਈ ਜਾਂਦੀ ਹੈ। ਬਾਅਦ ਵਿੱਚ ਪੂਰਾ ਕਰਨ (ਕੈਚ-ਅੱਪ) ਲਈ ਟੀਕਾਕਰਨ ਨੂੰ ਸਕੂਲਾਂ ਵਿਖੇ ਟੀਕਾਕਰਨ ਕਰਨ ਵਾਲੇ ਕਲੀਨਿਕਾਂ ਰਾਹੀਂ ਜਾਂ ਕਿਸੇ ਡਾਕਟਰ (GP), ਭਾਈਚਾਰਕ ਫਾਰਮੇਸੀ ਜਾਂ ਹੋਰ ਮੁੱਢਲੀ ਸੰਭਾਲ ਪ੍ਰਦਾਤਿਆਂ ਰਾਹੀਂ ਪ੍ਰਦਾਨ ਕੀਤਾ ਜਾਂਦਾ ਹੈ।
- 6 ਫਰਵਰੀ 2023 ਤੋਂ, 12-13 ਸਾਲਾਂ ਦੀ ਉਮਰ ਦੇ ਨੌਜਵਾਨ ਲੋਕਾਂ ਨੂੰ ਪ੍ਰਦਾਨ ਕੀਤੀ ਜਾਂਦੀ HPV ਵੈਕਸੀਨ ਦੀ ਆਮ ਵਰਤੀ ਜਾਂਦੀ ਦੋ ਖੁਰਾਕਾਂ ਦੀ ਸਮਾਂ-ਸਾਰਣੀ ਉਸੇ Gardasil®9 ਵੈਕਸੀਨ ਦੀ ਵਰਤੋਂ ਕਰਕੇ ਇਕੱਲੀ ਖੁਰਾਕ ਦੀ ਸਮਾਂ-ਸਾਰਣੀ ਬਣ ਜਾਵੇਗੀ।
- HPV ਟੀਕਾਕਰਨ ਤੋਂ ਖੁੰਝ ਜਾਣ ਵਾਲੇ ਨੌਜਵਾਨ ਲੋਕਾਂ ਵਾਸਤੇ ਚੱਲ ਰਹੇ NIP ਦੁਆਰਾ ਮਾਲੀ-ਸਹਾਇਤਾ ਪ੍ਰਾਪਤ ਟੀਕਾਕਰਨ ਨੂੰ ਪੂਰਾ ਕਰਨ (ਕੈਚ-ਅੱਪ) ਦੇ ਪ੍ਰੋਗਰਾਮ ਨੂੰ ਵੀ (19 ਸਾਲਾਂ ਦੀ ਉਮਰ ਤੋਂ ਵਧਾ ਕੇ) 25 ਸਾਲਾਂ ਅਤੇ ਇਸ ਸਾਲ ਸਮੇਤ ਦੀ ਉਮਰ ਤੱਕ ਵਧਾ ਦਿੱਤਾ ਗਿਆ ਹੈ।
- ਜਵਾਨ ਲੋਕ (ਸਿਵਾਏ ਉਹਨਾਂ ਦੇ ਜਿੰਨ੍ਹਾਂ ਦੀ ਪ੍ਰਤੀਰੋਧਤਾ-ਪ੍ਰਣਾਲੀ ਕਮਜ਼ੋਰ ਹੈ) ਜੋ 26 ਸਾਲਾਂ ਦੀ ਉਮਰ ਤੋਂ ਪਹਿਲਾਂ ਇਕ ਖੁਰਾਕ ਲਗਵਾਉਂਦੇ ਹਨ, ਉਹਨਾਂ ਨੂੰ ਹੁਣ ਪੂਰੀ ਤਰ੍ਹਾਂ ਟੀਕਾ ਲਗਵਾਇਆ ਗਿਆ ਸਮਝਿਆ ਜਾਂਦਾ ਹੈ ਅਤੇ ਉਹਨਾਂ ਨੂੰ ਹੋਰ ਖੁਰਾਕਾਂ ਦੀ ਲੋੜ ਨਹੀਂ ਪਵੇਗੀ। ਆਸਟ੍ਰੇਲੀਆ ਦੀ ਟੀਕਾਕਰਨ ਰਜਿਸਟਰ 'ਤੇ ਟੀਕਾਕਰਨ ਦੇ ਇਤਿਹਾਸ ਬਾਰੇ ਬਿਆਨ ਇਹ ਝਲਕ ਦੇਵੇਗਾ ਕਿ ਵਿਅਕਤੀ ਇਕੱਲੀ ਖੁਰਾਕ ਪ੍ਰਾਪਤ ਕਰਨ ਦੇ ਬਾਅਦ ਖੁਰਾਕਾਂ ਨਾਲ ਪੂਰਾ ਬਣਿਆ ਰਹਿੰਦਾ ਹੈ।
- ਇਹ ਤਬਦੀਲੀ ਆਸਟ੍ਰੇਲੀਆ ਦੀ ਟੀਕਾਕਰਨ ਬਾਰੇ ਤਕਨੀਕੀ ਸਲਾਹਕਾਰੀ ਸਮੂਹ (Australian Technical Advisory Group on Immunisation - (ATAGI)) ਦੀ ਸਲਾਹ 'ਤੇ ਆਧਾਰਿਤ ਹੈ ਜਿੰਨ੍ਹਾਂ ਨੇ ਤਾਜ਼ਾ ਅੰਤਰਰਾਸ਼ਟਰੀ ਵਿਗਿਆਨਕ ਅਤੇ ਕਲੀਨਿਕੀ ਸਬੂਤਾਂ 'ਤੇ ਵਿਚਾਰ ਕੀਤਾ ਹੈ।
- ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੇ ਸਿਹਤ ਵਿਭਾਗ 2023 ਵਿੱਚ ਸਕੂਲ ਵਿਖੇ HPV ਵੈਕਸੀਨ ਵਾਸਤੇ ਯੋਗ ਅੱਲ੍ਹੜ ਉਮਰ ਦੇ ਮੁੰਡੇ-ਕੁੜੀਆਂ ਦੇ ਮਾਪਿਆਂ ਨੂੰ ਤਬਦੀਲੀਆਂ ਬਾਰੇ ਦੱਸਣਗੇ।

### ਉਹ ਲੋਕ ਜਿਨ੍ਹਾਂ ਦੀ ਪ੍ਰਤੀਰੋਧਤਾ ਪ੍ਰਣਾਲੀ ਕਮਜ਼ੋਰ ਹੈ

- ਉਹਨਾਂ ਲੋਕਾਂ ਵਾਸਤੇ ਖੁਰਾਕ ਦੀ ਸਮਾਂ-ਸਾਰਣੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ ਜਿਨ੍ਹਾਂ ਦੀ ਪ੍ਰਤੀਰੋਧਤਾ ਪ੍ਰਣਾਲੀ ਕਮਜ਼ੋਰ ਹੈ। ਉਹਨਾਂ ਨੂੰ ਅਜੇ ਵੀ 26 ਸਾਲ ਦੀ ਉਮਰ ਤੋਂ ਪਹਿਲਾਂ HPV ਵੈਕਸੀਨ ਦੀਆਂ ਸਿਫਾਰਸ਼ ਕੀਤੀਆਂ ਤਿੰਨ ਖੁਰਾਕਾਂ ਲਗਵਾਉਣੀਆਂ ਚਾਹੀਦੀਆਂ ਹਨ ਜਿੰਨ੍ਹਾਂ ਨੂੰ ਪਹਿਲਾਂ ਹੀ NIP ਦੇ ਅਧੀਨ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀ ਵਾਲੇ ਲੋਕਾਂ ਲਈ HPV ਟੀਕਾਕਰਨ ਬਾਰੇ ਵਧੇਰੇ ਜਾਣਕਾਰੀ ਵਾਸਤੇ **ਆਸਟ੍ਰੇਲੀਅਨ ਟੀਕਾਕਰਨ ਹੈਂਡਬੁੱਕ** ਵੇਖੋ।
- ਸਕੂਲ ਟੀਕਾਕਰਨ ਪ੍ਰੋਗਰਾਮਾਂ ਦੀ ਆਮ ਸਮਾਂ-ਸਾਰਣੀ ਨੂੰ ਵੇਖਦੇ ਹੋਏ, ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀ ਵਾਲੇ ਵਿਅਕਤੀਆਂ ਨੂੰ ਉਹਨਾਂ ਦੇ ਡਾਕਟਰ (GP), ਮੁੱਢਲੀ ਸੰਭਾਲ ਪ੍ਰਦਾਤੇ ਜਾਂ ਫਾਰਮਾਸਿਸਟ ਟੀਕਾਕਰਨ ਕਰਨ ਵਾਲੇ ਕੋਲ ਭੇਜਿਆ ਜਾ ਸਕਦਾ ਹੈ ਤਾਂ ਜੋ ਸਾਰੀਆਂ ਤਿੰਨਾਂ ਖੁਰਾਕਾਂ ਦੀ ਪੂਰਤੀ ਨੂੰ ਯਕੀਨੀ ਬਣਾਇਆ ਜਾ ਸਕੇ।

### ਬਾਅਦ ਵਿੱਚ ਟੀਕਾਕਰਨ ਪੂਰਾ ਕਰਨਾ

- ਜੇ HPV ਟੀਕਾਕਰਨ ਖੁੰਝ ਗਿਆ ਹੈ, ਤਾਂ 26 ਸਾਲਾਂ ਦੀ ਉਮਰ ਤੋਂ ਪਹਿਲਾਂ ਪੂਰੀ ਤਰ੍ਹਾਂ ਟੀਕਾਕਰਨ ਕੀਤੇ ਜਾਣ ਲਈ ਹੁਣ ਕੇਵਲ ਇਕੱਲੀ ਖੁਰਾਕ ਦੀ ਲੋੜ ਹੁੰਦੀ ਹੈ (ਸਿਵਾਏ ਉਹਨਾਂ ਦੇ ਜਿਨ੍ਹਾਂ ਦੀ ਪ੍ਰਤੀਰੋਧਤਾ ਪ੍ਰਣਾਲੀ ਕਮਜ਼ੋਰ ਹੈ)।
- ਬਾਅਦ ਵਿੱਚ (ਕੈਚ-ਅੱਪ) ਟੀਕਾਕਰਨ ਜਿੰਨੀ ਜਲਦੀ ਸੰਭਵ ਹੋਵੇ ਕਰਵਾਉਣਾ ਚਾਹੀਦਾ ਹੈ; ਪਰ, ਲੋਕ ਤਦ ਤੱਕ ਬਾਅਦ ਵਿੱਚ (ਕੈਚ-ਅੱਪ) ਟੀਕਾਕਰਨ ਵਾਸਤੇ ਯੋਗ ਰਹਿੰਦੇ ਹਨ ਜਦ ਤੱਕ ਉਹ 26 ਸਾਲਾਂ ਦੇ ਨਹੀਂ ਹੋ ਜਾਂਦੇ।
- ਜੇ ਟੀਕਾਕਰਨ ਕਿਸੇ ਡਾਕਟਰ (GP) ਜਾਂ ਹੋਰ ਮੁੱਢਲੀ ਦੇਖਭਾਲ ਪ੍ਰਦਾਤੇ ਰਾਹੀਂ ਪ੍ਰਦਾਨ ਕੀਤਾ ਜਾਂਦਾ ਹੈ, ਤਾਂ ਵੈਕਸੀਨ ਲਈ ਮਾਲੀ ਸਹਇਤਾ ਦਿੱਤੀ ਜਾਂਦੀ ਹੈ ਪਰ ਸਲਾਹ-ਮਸ਼ਵਰਾ ਜਾਂ ਪ੍ਰਸ਼ਾਸਕੀ ਫੀਸ ਲਾਗੂ ਹੋ ਸਕਦੀ ਹੈ। ਵਧੇਰੇ ਜਾਣਕਾਰੀ ਵਾਸਤੇ ਆਪਣੇ ਪ੍ਰਦਾਤੇ ਦੇ ਨਾਲ ਗੱਲ ਕਰੋ।

## ਇਹ ਤਬਦੀਲੀ ਤਾਜ਼ਾ ਸਬੂਤਾਂ 'ਤੇ ਆਧਾਰਿਤ ਹੈ

- ਪ੍ਰੋਗਰਾਮ ਵਿੱਚ ਤਬਦੀਲੀ ਸਬੂਤਾਂ ਦੀ ਇਕ ਵੱਡੀ ਮਾਤਰਾ 'ਤੇ ਆਧਾਰਿਤ ਹੈ ਜੋ ਹਾਲੀਆ ਸਾਲਾਂ ਵਿੱਚ ਸਾਹਮਣੇ ਆਏ ਹਨ। ਸਰਕਾਰ ਦੇ ਮਾਹਰ ਸਲਾਹਕਾਰ ਗਰੁੱਪ, ATAGI ਨੇ ਅੰਤਰਰਾਸ਼ਟਰੀ ਸਬੂਤਾਂ ਦੀ ਸਮੀਖਿਆ ਕੀਤੀ ਹੈ ਅਤੇ ਇਹ ਨਿਰਣਾ ਕੀਤਾ ਹੈ ਕਿ ਇਕੱਲੀ ਖੁਰਾਕ ਦੋ ਖੁਰਾਕਾਂ ਦੇ ਤੁਲਨਾਤਮਕ ਸੁਰੱਖਿਆ ਦਿੰਦੀ ਹੈ। ਫਾਰਮਾਸਿਉਟੀਕਲ ਬੈਨੀਫਿਟਸ ਐਡਵਾਈਜ਼ਰੀ ਕਮੇਟੀ (PBAC) ਨੇ ATAGI ਦੀਆਂ ਸਿਫਾਰਸ਼ਾਂ ਦਾ ਸਮਰਥਨ ਕੀਤਾ ਹੈ।
- ATAGI ਦੀਆਂ ਸਿਫਾਰਸ਼ਾਂ ਵਿਸ਼ਵ ਸਿਹਤ ਸੰਗਠਨ ਦੇ ਟੀਕਾਕਰਨ ਬਾਰੇ ਮਾਹਰਾਂ ਦੇ ਰਣਨੀਤਕ ਸਲਾਹਕਾਰੀ ਗਰੁੱਪ (SAGE) ਅਤੇ ਟੀਕਾਕਰਨ ਬਾਰੇ ਬਰਤਾਨੀਆ (ਯੂਨਾਈਟਡ ਕਿੰਗਡਮ) ਦੀ ਸਾਂਝੀ ਕਮੇਟੀ (JCVI) ਨਾਲ ਮੇਲ ਖਾਂਦੀਆਂ ਹਨ।
- ਅਪ੍ਰੈਲ 2022 ਵਿੱਚ, **SAGE** ਨੇ ਸਬੂਤਾਂ ਦਾ ਮੁਲਾਂਕਣ ਕੀਤਾ ਅਤੇ ਇਹ ਸਿੱਟਾ ਕੱਢਿਆ ਕਿ HPV ਵੈਕਸੀਨ ਦੀ ਇਕੱਲੀ ਖੁਰਾਕ ਪ੍ਰਤੀਰੋਧਤਾ-ਅਸਮਰੱਥ ਲੋਕਾਂ ਵਿੱਚ ਬਹੁ-ਖੁਰਾਕ ਦੀਆਂ ਸਮਾਂ-ਸਾਰਣੀਆਂ ਨਾਲ ਤੁਲਨਾਯੋਗ ਸੁਰੱਖਿਆ ਪ੍ਰਦਾਨ ਕਰਦੀ ਹੈ[1]। ਫਰਵਰੀ 2022 ਵਿੱਚ **UK ਦੀ JCVI** ਨੇ ਅੱਲ੍ਹੜਪੁਣੇ ਤੋਂ ਪਹਿਲਾਂ ਦੇ ਸਕੂਲ-ਆਧਾਰਿਤ ਪ੍ਰੋਗਰਾਮ ਵਾਸਤੇ ਇਕੱਲੀ ਖੁਰਾਕ ਵਾਲੀ ਟੀਕਾਕਰਨ ਦੀ ਸਮਾਂ-ਸਾਰਣੀ ਵੱਲ ਤਬਦੀਲ ਹੋਣ ਦੀ ਸਿਫਾਰਸ਼ ਕੀਤੀ ਸੀ, ਜਿਸ ਦੀ ਪੁਸ਼ਟੀ ਉਹਨਾਂ ਨੇ ਅਗਸਤ 2022[2] ਵਿੱਚ ਇਕ ਬਿਆਨ ਵਿੱਚ ਕੀਤੀ ਸੀ। ਉਹ 2023-2024 ਸਕੂਲੀ ਵਰ੍ਹੇ ਵਿੱਚ ਇਸ ਸਮਾਂ-ਸਾਰਣੀ ਨੂੰ ਲਾਗੂ ਕਰਨ ਦੀ ਉਮੀਦ ਕਰਦੇ ਹਨ।

## HPV ਦੇ ਖਿਲਾਫ ਟੀਕਾਕਰਨ ਕਰਵਾਉਣਾ ਮਹੱਤਵਪੂਰਨ ਹੈ

- HPV ਇਕ ਆਮ ਵਾਇਰਸ ਹੈ ਜੋ ਮੁੱਖ ਤੌਰ 'ਤੇ ਜਿਨਸੀ ਸੰਪਰਕ ਰਾਹੀਂ ਫ਼ੈਲਦਾ ਹੈ। HPV ਦੀ ਲਾਗ ਕੈਂਸਰਾਂ ਅਤੇ ਹੋਰ ਅਵਸਥਾਵਾਂ ਦਾ ਕਾਰਨ ਬਣ ਸਕਦੀ ਹੈ ਜਿੰਨ੍ਹਾਂ ਦਾ ਸਿੱਟਾ ਸਾਰੇ ਲਿੰਗਾਂ ਦੇ ਲੋਕਾਂ ਵਿੱਚ ਗੰਭੀਰ ਸਿਹਤ ਸਿੱਟਿਆਂ ਦੇ ਰੂਪ ਵਿੱਚ ਨਿਕਲਦਾ ਹੈ।
- HPV ਵੈਕਸੀਨਾਂ ਦੇ ਲਾਭ ਸਭ ਤੋਂ ਵੱਧ ਉਦੋਂ ਹੁੰਦੇ ਹਨ ਜਦ ਇਹਨਾਂ ਨੂੰ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਲਗਾਇਆ ਜਾਂਦਾ ਹੈ। ਇਹ ਜਿਨਸੀ ਸੰਪਰਕਾਂ ਦੀ ਸ਼ੁਰੂਆਤ ਤੋਂ ਪਹਿਲਾਂ ਹਾਈ ਸਕੂਲ ਦੀਆਂ ਮੁੱਢਲੀਆਂ ਜਮਾਤਾਂ ਵਿੱਚ ਜਵਾਨ ਲੋਕਾਂ ਨੂੰ ਟੀਕਾਕਰਨ ਲਗਵਾਉਣ ਨੂੰ ਲਾਗੂ ਕਰਨ ਦੀ ਹਮਾਇਤ ਕਰਦਾ ਹੈ।
- ਬੱਚੇਦਾਨੀ ਦੇ ਮੂੰਹ ਦੇ ਕੈਂਸਰ ਨੂੰ ਖਤਮ ਕਰਨ ਲਈ HPV ਵੈਕਸੀਨਾਂ ਅਹਿਮ ਹਨ। ਬੱਚੇਦਾਨੀ ਦੇ ਮੂੰਹ ਦੇ ਲੱਗਭਗ ਸਾਰੇ ਕੈਂਸਰ HPV ਦੀ ਲਾਗ ਨਾਲ ਜੁੜੇ ਹੋਏ ਹਨ। ਟੀਕਾਕਰਨ ਜਣਨ ਅੰਗਾਂ ਦੀਆਂ ਫਿਨਸੀਆਂ ਅਤੇ HPV ਨਾਲ ਸਬੰਧਿਤ ਜਣਨ-ਅੰਗਾਂ, ਗੁਦਾ ਅਤੇ ਗਲੇ ਦੇ ਕੈਂਸਰਾਂ ਤੋਂ ਵੀ ਰੱਖਿਆ ਕਰਦਾ ਹੈ।
- ਇਸ ਤੋਂ ਇਲਾਵਾ, ਟੀਕਾਕਰਨ ਭਵਿੱਖ ਦੇ ਜਿਨਸੀ ਭਾਈਵਾਲਾਂ ਤੱਕ HPV ਦੇ ਫ਼ੈਲਣ ਨੂੰ ਘੱਟ ਕਰਨ ਦੁਆਰਾ ਆਸਟ੍ਰੇਲੀਆ ਵਿੱਚ ਬੱਚੇਦਾਨੀ ਦੇ ਮੂੰਹ ਅਤੇ ਹੋਰ ਕੈਂਸਰਾਂ ਨੂੰ ਖਤਮ ਕਰਨ ਵਿੱਚ ਯੋਗਦਾਨ ਪਾਉਂਦਾ ਹੈ।
- HPV ਟੀਕਾਕਰਨ ਲਈ 26 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਲੋਕਾਂ ਵਾਸਤੇ ਮਾਲੀ ਸਹਾਇਤਾ ਨਹੀਂ ਦਿੱਤੀ ਜਾਂਦੀ ਕਿਉਂਕਿ HPV ਦੀ ਲਾਗ ਆਮ ਤੌਰ 'ਤੇ ਜਿਨਸੀ ਕਿਰਿਆ ਸ਼ੁਰੂ ਹੋਣ ਦੇ ਤੁਰੰਤ ਬਾਅਦ ਵਾਪਰਦੀ ਹੈ। ਜੇ ਪਹਿਲਾਂ ਕੋਈ ਲਾਗ ਲੱਗ ਚੁੱਕੀ ਹੈ ਤਾਂ ਵੈਕਸੀਨ ਦੀ ਅਸਰਦਾਇਕਤਾ ਘੱਟ ਜਾਂਦੀ ਹੈ।
- 26 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਕੁਝ ਲੋਕਾਂ ਨੂੰ ਵੈਕਸੀਨ ਲਗਾਏ ਜਾਣ ਤੋਂ ਲਾਭ ਹੋ ਸਕਦਾ ਹੈ ਅਤੇ ਉਹਨਾਂ ਨੂੰ ਆਪਣੇ ਵਿਅਕਤੀਗਤ ਹਾਲਾਤਾਂ ਨਾਲ ਸਬੰਧਿਤ ਸਲਾਹ ਵਾਸਤੇ ਆਪਣੇ ਟੀਕਾਕਰਨ ਪ੍ਰਦਾਤੇ ਨਾਲ ਗੱਲ ਕਰਨੀ ਚਾਹੀਦੀ ਹੈ। ਜੇ ਟੀਕਾਕਰਨ 26 ਸਾਲਾਂ ਦੀ ਉਮਰ ਤੋਂ ਬਾਅਦ ਲਗਾਇਆ ਜਾਂਦਾ ਹੈ, ਤਿੰਨ ਖੁਰਾਕਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। 26 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਲੋਕਾਂ ਵਾਸਤੇ ਵੈਕਸੀਨਾਂ ਨੂੰ ਡਾਕਟਰ ਕੋਲੋਂ ਨਿੱਜੀ ਤਜਵੀਜ਼ ਲਿਖਵਾ ਕੇ ਖਰੀਦਣ ਦੀ ਲੋੜ ਹੁੰਦੀ ਹੈ, ਅਤੇ ਖ਼ਰਚੇ ਵੱਖ-ਵੱਖ ਹੋ ਸਕਦੇ ਹਨ। 26 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਲੋਕਾਂ ਵਾਸਤੇ HPV ਟੀਕਾਕਰਨ ਬਾਰੇ ਜਾਣਕਾਰੀ ਵਾਸਤੇ **ਆਸਟ੍ਰੇਲੀਆ ਦੀ ਟੀਕਾਕਰਨ ਹੈਂਡਬੁੱਕ** ਵੇਖੋ।
- HPV ਟੀਕਾਕਰਨ HPV ਦੀਆਂ ਉਹਨਾਂ ਸਾਰੀਆਂ ਕਿਸਮਾਂ ਤੋਂ ਰੱਖਿਆ ਨਹੀਂ ਕਰਦਾ ਜੋ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦਾ ਕਾਰਨ ਬਣ ਸਕਦੀਆਂ ਹਨ। ਔਰਤਾਂ ਅਤੇ ਬੱਚੇਦਾਨੀ ਵਾਲੀ ਨਾਲੀ ਵਾਲੇ ਲੋਕਾਂ ਵਾਸਤੇ ਬੱਚੇਦਾਨੀ ਦੇ ਮੂੰਹ ਦੀ ਪੜਤਾਲ ਕਰਨ ਵਾਲੀਆਂ ਜਾਂਚਾਂ ਦੀ ਸਿਫਾਰਸ਼ 25-74 ਸਾਲਾਂ ਦੀ ਉਮਰ ਵਿਚਕਾਰ ਹਰ 5 ਸਾਲਾਂ ਬਾਅਦ ਕੀਤੀ ਜਾਂਦੀ ਹੈ।

## ਮੈਂ ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ/ਦੀ ਹਾਂ?

- ✓ **ਆਸਟ੍ਰੇਲੀਆ ਦੀ ਟੀਕਾਕਰਨ ਹੈਂਡਬੁੱਕ** ਵੇਖੋ ਜਿਸ ਨੂੰ HPV ਟੀਕਾਕਰਨ ਬਾਰੇ ਨਵੀਨਤਮ ਕਲੀਨਿਕੀ ਸਲਾਹ ਅਤੇ ਸਿਫਾਰਸ਼ਾਂ ਪ੍ਰਦਾਨ ਕਰਵਾਉਣ ਲਈ ਨਵਿਆਇਆ (ਅੱਪਡੇਟ ਕੀਤਾ) ਗਿਆ ਹੈ।
- ✓ ਸਿਹਤ ਅਤੇ ਬਜ਼ੁਰਗਾਂ ਦੀ ਦੇਖਭਾਲ ਦੇ ਵਿਭਾਗ (ਡਿਪਾਰਟਮੈਂਟ ਆਫ ਹੈਲਥ ਐਂਡ ਏਜਡ ਕੇਅਰ) ਦੀ ਵੈੱਬਸਾਈਟ ਉਪਰ **HPV ਟੀਕਾਕਰਨ ਸਫ਼ੇ** 'ਤੇ ਜਾਓ।
- ✓ ਅਗਲੇਰੀ ਜਾਣਕਾਰੀ ਵਾਸਤੇ ਆਪਣੇ ਪ੍ਰਾਂਤ ਜਾਂ ਕੇਂਦਰੀ ਪ੍ਰਦੇਸ਼ ਦੇ ਸਿਹਤ ਵਿਭਾਗ ਨਾਲ ਸੰਪਰਕ ਕਰੋ।

---

1 ਟੀਕਾਕਰਨ ਬਾਰੇ ਮਾਹਰਾਂ ਦਾ ਵਿਸ਼ਵ ਸਿਹਤ ਸੰਗਠਨ ਦਾ ਰਣਨੀਤਕ ਸਲਾਹਕਾਰੀ ਸਮੂਹ (World Health Organization Strategic Advisory Group of Experts on Immunization)। ਟੀਕਾਕਰਨ ਬਾਰੇ ਮਾਹਰਾਂ ਦੇ ਰਣਨੀਤਕ ਸਲਾਹਕਾਰੀ ਸਮੂਹ ਦੀ ਮੀਟਿੰਗ। ਹਿਊਮਨ ਪੈਪੀਲੋਮਾਵਾਇਰਸ (HPV) ਵੈਕਸੀਨ ਦੀ ਇਕੱਲੀ ਖੁਰਾਕ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੇ ਖਿਲਾਫ ਠੋਸ ਸੁਰੱਖਿਆ ਦੀ ਪੇਸ਼ਕਸ਼ ਕਰਦੀ ਹੈ। ਹਫ਼ਤਾਵਾਰੀ ਮਹਾਂਮਾਰੀ ਵਿਗਿਆਨਕ ਰਿਕਾਰਡ ਅਪ੍ਰੈਲ 2022।

2 ਟੀਕਾਕਰਨ ਬਾਰੇ ਸੰਯੁਕਤ ਕਮੇਟੀ। ਆਮ HPV ਟੀਕਾਕਰਨ ਪ੍ਰੋਗਰਾਮ ਵਾਸਤੇ ਇਕੱਲੀ ਖੁਰਾਕ ਦੀ ਸਮਾਂ-ਸਾਰਣੀ ਬਾਰੇ JCVI ਦਾ ਬਿਆਨ (5 ਅਗਸਤ 2022 ਨੂੰ ਪ੍ਰਕਾਸ਼ਿਤ)।

Australian Government
Department of Health and Aged Care

National Immunisation Program
A joint Australian, State and Territory Government Initiative